# ਦਫ਼ਤਰ ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਮੈਜਿਸਟਰੇਟ, ਫਰੀਦਕੋਟ

(ਫੁਟਕਲ ਸ਼ਾਖਾ)

ਹੁਕਮ ਨੰ: 305/ਫਸ

ਜਿਵੇਂ ਕਿ ਪਿਛਲੇ ਦਿਨੀਂ ਸਾਰੇ ਪੰਜਾਬ ਵਿੱਚ ਕੋਵਿਡ-19 ਕਰਕੇ ਕਰਫਿਊ ਲਾਗੂ ਕੀਤਾ ਗਿਆ ਹੈ। ਇਸ ਦੌਰਾਨ ਕਈ ਵਾਰ ਕੋਈ ਸ਼ਰਾਰਤੀ ਅਨਸਰ ਮੌਕੇ ਦਾ ਫਾਇਦਾ ਉਠਾ ਕੇ ਕਿਸੇ ਵੀ ਸਰਕਾਰੀ ਸੰਸਥਾਨ/ਸਰਕਾਰੀ ਜਾਇਦਾਦ ਅਤੇ ਮਨੁੱਖੀ ਜਾਨ ਨੂੰ ਖਤਰਾ ਪਹੁੰਚਾ ਸਕਦਾ ਹੈ।

ਇਸ ਲਈ ਇਹ ਜਰੂਰੀ ਹੋ ਗਿਆ ਹੈ ਕਿ ਪੇਂਡੂ/ਸ਼ਹਿਰੀ ਅਤੇ ਕਸਬਿਆਂ ਦੇ ਏਰੀਏ ਵਿੱਚ ਸਰਕਾਰੀ ਸੰਸਥਾਨ/ਸਰਕਾਰੀ ਜਾਇਦਾਦ ਦੀ ਹਰ ਤਰੀਕੇ ਨਾਲ ਰਾਖੀ ਕੀਤੀ ਜਾਵੇ ਅਤੇ ਕਿਸੇ ਸ਼ਰਾਰਤੀ ਅਨਸਰ ਨੂੰ ਕੋਈ ਭੜਕਾਹਟ ਪੈਦਾ ਕਰਨ ਦਾ ਕੋਈ ਮੌਕਾ ਨਾ ਦਿੱਤਾ ਜਾਵੇ। ਇਸ ਲਈ ਇਸ ਸਬੰਧੀ ਸੁਰੱਖਿਆ ਲਈ ਢੁਕਵੇਂ ਕਦਮ ਉਠਾਉਣ ਦੀ ਫੌਰੀ ਜਰੂਰਤ ਹੈ।

ਇਸ ਲਈ **ਮੈਂ ਕੁਮਾਰ ਸੌਰਭ ਰਾਜ, ਆਈ.ਏ.ਐਸ., ਜਿਲ੍ਹਾ ਮੈਜਿਸਟਰੇਟ, ਫਰੀਦਕੋਟ** ਜਿਲ੍ਹਾ ਫਰੀਦਕੋਟ ਦੀ ਹਦੂਦ ਅੰਦਰ ਜਾਬਤਾ ਫੌਜਦਾਰੀ ਸੰਘਤਾ 1973 (ਐਕਟ ਨੰਬਰ 2 ਆਫ 1974) ਦੀ ਧਾਰਾ 144 ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਾ ਹੋਇਆ ਜਿਲ੍ਹਾ ਫਰੀਦਕੋਟ ਦੀ ਹਦੂਦ ਵਿੱਚ ਸਮੂਹ ਸਰਕਾਰੀ ਸੰਸਥਾਨ/ਸਰਕਾਰੀ ਜਾਇਦਾਦ ਪਰ ਅਗਲੇ ਹੁਕਮਾਂ ਤੱਕ ਠੀਕਰੀ ਪਹਿਰਾ ਲਗਾਉਣ ਲਈ ਪਿੰਡਾਂ ਦੀਆਂ ਸਮੂਹ ਪੰਚਾਇਤਾਂ ਦੇ ਮੁੱਖੀਆਂ ਦੀ ਜਿੰਮਵਾਰੀ ਲਗਾਉਂਦਾ ਹਾਂ।

ਇਹ ਹੁਕਮ ਮੌਜੂਦਾ ਸਥਿਤੀ ਨੂੰ ਮੁੱਖ ਰੱਖਦੇ ਹੋਏ ਇੱਕ ਤਰਫਾ ਪਾਸ ਕੀਤਾ ਜਾਂਦਾ ਹੈ ਅਤੇ ਆਮ ਲੋਕਾਂ ਦੇ ਨਾਮ ਜਾਰੀ ਕੀਤਾ ਜਾਂਦਾ ਹੈ। ਇਹ ਹੁਕਮ ਮਿਤੀ **03-04-2020 ਤੋਂ -31-05-2020** ਤੱਕ ਲਾਗੂ ਰਹੇਗਾ।

ਇਸ ਹੁਕਮ ਲੋਕ ਸੰਪਰਕ ਵਿਭਾਗ ਵੱਲੋਂ ਪ੍ਰਚਲਤ ਅਖਬਾਰਾਂ ਵਿੱਚ ਪ੍ਰੈਸ ਨੋਟ ਜਾਰੀ ਕਰਵਾਕੇ ਅਤੇ ਦਫ਼ਤਰਾਂ ਦੇ ਨੋਟਿਸ ਬੋਰਡਾਂ ਤੇ ਚਸਪਾ ਕਰਕੇ ਲਾਗੂ ਕੀਤਾ ਜਾਵੇਗਾ।

ਇਸ ਹੁਕਮ ਨੂੰ ਲਾਗੂ ਕਰਾਉਣ ਲਈ ਵਧੀਕ ਡਿਪਟੀ ਕਮਿਸ਼ਨਰ (ਵਿਕਾਸ), ਫਰੀਦਕੋਟ ਜਿੰਮੇਵਾਰ ਹੋਣਗੇ।

ਇਹ ਹੁਕਮ ਅੱਜ ਮਿਤੀ 02-04-2020 ਨੂੰ ਮੇਰੇ ਦਸਤਖਤਾਂ ਅਤੇ ਮੋਹਰ ਅਦਾਲਤ ਹੇਠ ਜਾਰੀ ਹੋਇਆ ਹੈ।

ਜ਼ਿਲ੍ਹਾ ਮੈਜਿਸਟਰੇਟ,
ਫਰੀਦਕੋਟ।

ਜ਼ਿਲ੍ਹਾ ਮੈਜਿਸਟਰੇਟ ਫਰੀਦਕੋਟ

ਪਿੱਠ ਅੰ:ਨੰ: 1811 /ਫਸ-ਫਕ-2 ਮਿਤੀ 02-04-2020

ਉਪਰੋਕਤ ਦਾ ਉਤਾਰਾ ਹੇਠ ਲਿਖੇ ਅਫਸਰਾਂ ਪਾਸ ਜਾਣਕਾਰੀ ਤੇ ਲੋੜੀਂਦੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ:-

1. ਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ।
2. ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ, ਪੰਜਾਬ, ਚੰਡੀਗੜ੍ਹ।
3. ਡਾਇਰੈਕਟਰ ਜਨਰਲ ਪੁਲਿਸ, ਪੰਜਾਬ, ਚੰਡੀਗੜ੍ਹ।
4. ਕਮਿਸ਼ਨਰ, ਫਰੀਦਕੋਟ ਮੰਡਲ, ਫਰੀਦਕੋਟ।
5. ਸਮੂਹ ਜ਼ਿਲ੍ਹਾ ਮੈਜਿਸਟਰੇਟ, ਪੰਜਾਬ ਰਾਜ। (ਫਿਰੋਜ਼ਪੁਰ/ ਫਾਜਿਲਕਾ/ ਮੋਗਾ/ ਮੁਕਤਸਰ/ ਬਠਿੰਡ/ ਮਾਨਸਾ/ ਪਟਿਆਲਾ/ ਸੰਗਰੂਰ/ ਬਰਨਾਲਾ/ ਫਤਿਹਗੜ੍ਹ ਸਾਹਿਬ/ ਜਲੰਧਰ/ ਕਪੂਰਥਲਾ/ ਹੁਸ਼ਿਆਰਪੁਰ/ ਸ਼ਹੀਦ ਭਗਤ ਸਿੰਘ ਨਗਰ/ ਲੁਧਿਆਣਾ/ ਰੂਪ ਨਗਰ/ਮੋਹਾਲੀ /ਅਮ੍ਰਿਤਸਰ ਸਾਹਿਬ/ ਗੁਰਦਾਸਪੁਰ/ ਪਠਾਨਕੋਟ/ਤਰਨਤਾਰਨ।
6. ਸੀਨੀਅਰ ਪੁਲਿਸ ਕਪਤਾਨ, ਫਰੀਦਕੋਟ।
7. ਵਧੀਕ ਡਿਪਟੀ ਕਮਿਸ਼ਨਰ (ਵਿਕਾਸ), ਫਰੀਦਕੋਟ ਪਾਸ ਹੁਕਮਾਂ ਦੀ ਪਾਲਣਾ ਹਿੱਤ ਭੇਜਿਆ ਜਾਂਦਾ ਹੈ।
8. ਉਪ-ਮੰਡਲ ਮੈਜਿਸਟਰੇਟ, ਫਰੀਦਕੋਟ, ਕੋਟਕਪੂਰਾ ਅਤੇ ਜੈਤੋ।
9. ਜ਼ਿਲ੍ਹਾ ਲੋਕ ਸੰਪਰਕ ਅਫਸਰ, ਫਰੀਦਕੋਟ ਪਾਸ ਇਸ ਹੁਕਮ ਦੀ ਪ੍ਰਚਾਰ ਕਰਨ ਹਿੱਤ।
10. ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ, ਫਰੀਦਕੋਟ ਪਾਸ ਹੁਕਮਾਂ ਦੀ ਪਾਲਣਾ ਕਰਨ ਅਤੇ ਰਿਪੋਰਟ ਭੇਜਣ ਹਿੱਤ।
11. ਬਲਾਕ ਤੇ ਪੰਚਾਇਤ ਅਫਸਰ, ਫਰੀਦਕੋਟ ਕੋਟਕਪੂਰਾ ਪਾਸ ਹੁਕਮਾਂ ਦੀ ਪਾਲਣਾ ਕਰਨ ਅਤੇ ਰਿਪੋਰਟ ਭੇਜਣ ਹਿੱਤ।
12. ਤਹਿਸੀਲਦਾਰ, ਫਰੀਦਕੋਟ, ਕੋਟਕਪੂਰਾ ਅਤੇ ਜੈਤੋ ਪਾਸ ਮੁਸਤਰੀ ਮੁਨਾਦੀ ਕਰਾਉਣ ਹਿੱਤ।
13. ਕਾਰਜ ਸਾਧਕ ਅਫਸਰ, ਨਗਰ ਕੌਂਸਲ, ਫਰੀਦਕੋਟ, ਕੋਟਕਪੂਰਾ ਅਤੇ ਜੈਤੋ।
14. ਸਸਸ ਟੂ ਐਡੀ:ਜ਼ਿਲ੍ਹਾ ਮੈਜਿਸਟਰੇਟ, ਫਰੀਦਕੋਟ।

ਜ਼ਿਲ੍ਹਾ ਮੈਜਿਸਟਰੇਟ,
ਫਰੀਦਕੋਟ।

Scanned with CamScanner